# ਖਰੜਾ

## ਸੁਰੱਖਿਆ ਸਿਖਲਾਈ ਕੋਰਸਾਂ ਦੇ ਟਰੇਨੀਆਂ ਦੀ ਵਰਦੀ ਦੀਆਂ ਆਈਟਮਾਂ ਦੀ ਸਪਲਾਈ ਦਾ ਠੇਕਾ (ਰੇਟ ਕੰਟਰੈਕਟ) ਲਈ ਸ਼ਰਤਾਂ ਅਤੇ ਨਿਯਮ

ਸੁਰੱਖਿਆ ਸਿਖਲਾਈ ਕੋਰਸਾਂ ਦੇ ਸਿਖਿਆਰਥੀਆਂ ਦੀ ਵਰਦੀ ਅਤੇ ਵਰਦੀ ਨਾਲ ਸਬੰਧਤ ਸਾਜੋ-ਸਮਾਨ ਦੀ ਖਰੀਦ ਪ੍ਰੀਕਿਆ ਖੁੱਲੀ ਬੋਲੀ ਰਾਹੀਂ ਮੁਕਾਬਲੇ ਦੇ ਆਧਾਰ ਤੇ ਅਤੇ ਨਿਰਧਾਰਿਤ ਸ਼ਰਤਾਂ ਤੇ ਠੇਕਾ (ਰੇਟ ਕੰਟਰੈਕਟ) ਮਿਤੀ ____________ ਨੂੰ __________ ਵਜੇ ਦਿਨ ਦਫ਼ਤਰ ਪੰਜਾਬ ਪੁਲਿਸ ਸੁਰੱਖਿਆ ਕਾਰਪੋਰੇਸ਼ਨ ਲਿਮੀਟਡ, ਐਸ.ਸੀ.ਓ. 171-172, ਸੈਕਟਰ 8-ਸੀ, ਮੱਧਿਆ ਮਾਰਗ, ਚੰਡੀਗੜ੍ਹ ਵਿਖੇ ਦਿੱਤਾ ਜਾਵੇਗਾ। ਜਿਸ ਲਈ ਹੇਠ ਲਿਖੀਆਂ ਸ਼ਰਤਾਂ ਅਤੇ ਨਿਯਮ ਲਾਗੂ ਹੋਣਗੇ।

1 ਚਾਲੂ ਮਾਲੀ ਸਾਲ ਭਾਵ 31-3-2010 ਤੱਕ ਲਗਭਗ _______ ਨੌਜਵਾਨਾਂ ਨੂੰ ਪੀ.ਆਰ.ਟੀ.ਸੀ. ਜਹਾਨਖੇਲ੍ਹਾਂ ਵਿਖੇ ਦੋ-ਦੋ ਮਹੀਨੇ ਦੀ ਅਵਧੀ ਦੀ ਟਰੇਨਿੰਗ 500/500 ਸਿਖਿਆਰਥੀਆਂ ਦੇ 3 ਬੈਚਾਂ ਵਿੱਚ ਦੇਣ ਦਾ ਟੀਚਾ ਮਿੱਥਿਆ ਗਿਆ ਹੈ ਜਿਨ੍ਹਾਂ ਦੀ ਵਰਦੀ ਦੀਆਂ ਹੇਠ ਲਿਖੀਆਂ ਆਈਟਮਾਂ ਦੀ ਸਪਲਾਈ ਦਾ ਰੇਟ ਕੰਟਰੈਕਟ ਮਿਤੀ 31-3-2010 ਤੱਕ ਹੋਵੇਗਾ :

| ਲੜੀ ਨੰ: | ਵਸਤੂ ਦਾ ਨਾਂ |
|---|---|
| 1 | ਪੈਂਟ ਟੈਰੀਕਾਟ ਰੰਗ ਸਮੋਕ ਗਰੇਅ |
| 2 | ਕਮੀਜ਼ ਟੇਰੀਕਾਟ ਰੰਗ ਲਾਈਟ ਗਰੇਅ |
| 3 | ਟੀ.ਸ਼ਰਟ ਰੰਗ ਲਾਈਟ ਗਰੇਅ |
| 4 | ਲੋਅਰ ਰੰਗ ਲਾਈਟ ਗਰੇਅ |
| 5 | ਜੁਰਾਬਾਂ ਰੰਗ ਲਾਈਟ ਗਰੇਟ |
| 6 | ਜਰਸੀ ਰੰਗ ਸਮੋਕ ਗਰੇਅ |
| 7 | ਪੀ.ਟੀ. ਬੂਟ ਚਿੱਟੇ |
| 8 | ਡਰਬੀ ਬੂਟ ਕਾਲੇ |
| 9 | ਪਗੜੀ ਰੰਗ ਸਮੋਕ ਗਰੇਅ ਰੁਬੀਆ ਵੈਲ |
| 10 | ਫਿਫਟੀ ਕਾਲੀ ਰੁਬੀਆ ਵੈਲ |
| 11 | ਪਟਕਾ ਰੰਗ ਸਮੋਕ ਗਰੇਅ 80 ਸੈਂਟੀਮੀਟਰ ਰੁਬੀਆ ਵੈਲ |
| 12 | ਕੈਪ ਗਰੇ ਰੰਗ |
| 13 | ਪਗੜੀ ਬੈਚ |
| 14 | ਸ਼ੋਲਡਰ ਬੈਚ |
| 15 | ਬੈਲਟ ਸੈੱਟ (ਡੰਡਾ, ਲੁੱਪਾ, ਪੋਚ) |
| 16 | ਨੇਮ ਪਲੇਟ |
| 17 | ਵਿਸਲ ਡੋਰੀ ਕਾਲੀ |
| | **ਸੈਰੇਮੋਨੀਅਲ ਡਰੈੱਸ** |
| 18 | ਹੈਕਲ |
| 19 | ਗੁਲੂਬੰਦ |
| 20 | ਕਮਰ ਬੰਦ |
| 21 | ਝਾਲਰ |
| 22 | ਇੰਕਲੈਟੋਂ ਜੋੜਾ |

**ਮਾਸ ਪੀ.ਟੀ. ਡਰੈੱਸ**

23 ਸੈਡੋ ਬੁਨੈਣ

24 ਟੋਪਾ

25 ਦਸਤਾਨੇ

ਨੋਟ : ਗਰਮੀਆਂ ਦੇ ਮੌਸਮ ਵਿੱਚ ਚੱਲਣ ਵਾਲੇ ਟਰੇਨਿੰਗ ਸੈਸ਼ਨ ਦੌਰਾਨ ਗਰਮ ਜਰਸੀਆਂ ਦੀ ਸਪਲਾਈ ਨਹੀ ਲਈ ਜਾਵੇਗੀ।

2 ਠੇਕਾ ਲੈਣ ਦੇ ਹਰੇਕ ਚਾਹਵਾਨ ਨੂੰ 10,000/-ਰੁਪੈ ਦੀ ਰਾਸ਼ੀ ਬਤੌਰ ਅਰਨੈਸਟ ਮਨੀ (ਸੰਜ਼ੀਦਗੀ ਰਾਸ਼ੀ) ਜਮਾਂ ਕਰਵਾਉਣੀ ਪਵੇਗੀ ਜੋ ਮੋੜਨਯੋਗ ਹੋਵੇਗੀ।

3 ਹਰੇਕ ਬੋਲੀਕਾਰ ਨੂੰ ਆਪਣੇ ਪਿਛਲੇ ਤਜ਼ਰਬੇ ਅਤੇ ਮਾਲੀ ਸਾਖ ਦੇ ਆਧਾਰ ਤੇ ਕਮੇਟੀ ਨੂੰ ਇਹ ਵਿਸ਼ਵਾਸ਼ ਦਿਵਾਉਣਾ ਹੋਵੇਗਾ ਕਿ ਉਹ ਠੇਕੇ ਦੀਆਂ ਜ਼ਿੰਮੇਵਾਰੀਆਂ ਬਿਨਾਂ ਕਿਸੇ ਰੁਕਾਵਟ ਵਧੀਆਂ ਤਰੀਕੇ ਨਾਲ ਪੂਰੀਆਂ ਕਰਨ ਦੇ ਸਮਰੱਥ ਹੈ। ਅਜਿਹਾ ਨਾ ਕਰ ਸਕਣ ਦੀ ਸੂਰਤ ਵਿੱਚ ਕਮੇਟੀ ਨੂੰ ਕਿਸੇ ਵੀ ਬੋਲੀਕਾਰ ਦੀ ਪੇਸ਼ਕਸ਼ ਨੂੰ ਅਪ੍ਰਵਾਨ ਕਰਨ ਦਾ ਅਧਿਕਾਰ ਹੋਵੇਗਾ।

4 ਸਫਲ ਬੋਲੀਕਾਰ ਨੂੰ ਠੇਕੇ ਦੀ ਬੋਲੀ ਉਸਦੇ ਹੱਕ ਵਿੱਚ ਹੋ ਜਾਣ ਸਮੇਂ ਮੌਕੇ ਤੇ ਹੀ 20,000/ਰੁਪੈ ਬਤੌਰ ਸਕਿਉਰਿਟੀ ਜਮਾਂ ਕਰਾਉਣੇ ਹੋਣਗੇ ਜੋ ਠੇਕੇ ਦੀ ਅਵਧੀ ਖਤਮ ਹੋਣ ਤੇ ਮੋੜਨਯੋਗ ਅਤੇ ਠੇਕੇਦਾਰ ਦੁਆਰਾ ਠੇਕੇ ਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕਣ ਤੇ ਜਬਤ ਕੀਤੇ ਜਾਣਯੋਗ ਹੋਵੇਗੀ।

5 ਠੇਕੇਦਾਰ ਦੁਆਰਾ ਲੋੜੀਂਦੀਆਂ ਆਈਟਮਾਂ ਦੀ ਸਪਲਾਈ ਦੀ ਪਹੁੰਚ ਪੀ.ਆਰ.ਟੀ.ਸੀ. ਜਹਾਨਖੇਲ੍ਹਾਂ ਹੁਸ਼ਿਆਰਪੁਰ ਵਿਖੇ ਕੈਂਪਸ ਦੇ ਅੰਦਰ ਦਿੱਤੀ ਜਾਵੇਗੀ ਜਿਸ ਲਈ ਟਰਾਂਸਪੋਰਟੇਸ਼ਨ ਦਾ ਕੋਈ ਵੱਖਰਾ ਖਰਚਾ ਠੇਕੇਕਾਰ ਨੂੰ ਅਦਾ ਨਹੀਂ ਕੀਤਾ ਜਾਵੇਗਾ।

6 ਠੇਕੇ ਨਾਲ ਸਬੰਧਤ ਧਨ ਰਾਸ਼ੀ ਤੇ ਸੇਲ ਟੈਕਸ, ਸਰਵਿਸ ਟੈਕਸ, ਇੰਕਮਟੈਕਸ ਜਾਂ ਵੈਟ ਜੋ ਵੀ ਲਾਗੂ ਹੋਣ ਦੀ ਅਦਾਇਗੀ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ।

7 ਠੇਕੇਦਾਰ ਕੇਵਲ ਠੇਕੇ ਦੀਆਂ ਸ਼ਰਤਾਂ ਅਨੁਸਾਰ ਤੈਅਸੁਦਾ ਵਸਤਾਂ ਹੀ ਸੁਰੱਖਿਆ ਗਾਰਡ ਕੋਰਸਾਂ ਦੇ ਸਿਖਿਆਰਥੀਆਂ ਲਈ ਸਪਲਾਈ ਕਰੇਗਾ ਇਸ ਤੋਂ ਇਲਾਵਾ ਕਿਸੇ ਹੋਰ ਆਈਟਮ ਦੀ ਸਪਲਾਈ ਜਾਂ ਵਿਕਰੀ ਤੇ ਸਖ਼ਤ ਪਾਬੰਦੀ ਹੋਵੇਗੀ ਅਤੇ ਇਸ ਦੀ ਉਲੰਘਣਾ ਕਰਨ ਤੇ ਠੇਕੇਦਾਰ ਨੂੰ ਢੁੱਕਵਾਂ ਜੁਰਮਾਨਾਂ ਕੀਤਾ ਜਾ ਸਕੇਗਾ।

8 ਇਹਨਾਂ ਆਈਟਮਾਂ ਦੀ ਸਪਲਾਈ ਦਾ ਆਰਡਰ ਮਿਲਣ ਤੋਂ 20 ਦਿਨਾਂ ਦੇ ਅੰਦਰ ਠੇਕੇਦਾਰ ਦੁਆਰਾ ਮੁਕੰਮਲ ਸਪਲਾਈ ਦੇਣੀ ਹੋਵੇਗੀ ਅਤੇ ਦੇਰੀ ਲਈ ਢੁੱਕਵਾਂ ਜੁਰਮਾਨਾਂ ਵੀ ਠੇਕੇਦਾਰ ਨੂੰ ਕੀਤਾ ਜਾ ਸਕੇਗਾ।

9 ਸਪਲਾਈ ਕੀਤੀਆਂ ਜਾਣ ਵਾਲੀਆਂ ਆਈਟਮਾਂ ਦਾ ਮਿਆਰ ਉੱਚ ਦਰਜੇ ਦਾ ਹੋਣਾ ਚਾਹੀਦਾ ਹੈ ਅਤੇ ਬੋਲੀ ਦੇਣ ਸਮੇਂ ਹਰੇਕ ਚਾਹਵਾਨ ਬੋਲੀਕਾਰ ਸਾਰੀਆਂ ਆਈਟਮਾਂ ਦਾ ਇੱਕ-ਇੱਕ ਨਮੂਨਾ ਕਮੇਟੀ ਨੂੰ ਦਿਖਾਉਣ ਲਈ ਆਪਣੇ ਨਾਲ ਲੈ ਕੇ ਆਵੇਗਾ।

10 ਠੇਕੇਦਾਰ ਦੁਆਰਾ ਸਪਲਾਈ ਕੀਤੀਆਂ ਆਈਟਮਾਂ ਦੀ ਬਣਦੀ ਕੀਮਤ ਪੀ.ਆਰ.ਟੀ.ਸੀ. ਜਹਾਨਖੇਲ੍ਹਾਂ ਵਿਖੇ ਮਾਲ ਪਹੁੰਚਣ ਉਪਰੰਤ ਇਕ ਹਫ਼ਤੇ ਬਾਦ ਕੀਤੀ ਜਾਵੇਗੀ ਅਤੇ ਮਾਲ ਦੀ ਸਪਲਾਈ ਲਈ ਠੇਕੇਦਾਰ ਨੂੰ ਕੋਈ ਪੇਸ਼ਗੀ ਰਕਮ ਨਹੀਂ ਦਿੱਤੀ ਜਾਵੇਗੀ।

11 ਟਰੇਨੀਆਂ ਦੀ ਵਰਦੀ ਦੀ ਸਿਲਾਈ ਉਹਨਾਂ ਦਾ ਨਾਪ ਲੈ ਕੇ ਸਿਲਾਈ ਕਰਾ ਕੇ ਦਿੱਤੀ ਜਾਵੇਗੀ।